**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
**ਪ੍ਰੈਕਟੀਕਲ ਸ਼ਾਖਾ**

ਯੂਨੀਵਰਸਿਟੀ ਨਾਲ ਸਬੰਧਤ
ਬੀ.ਐਡ. ਕਾਲਜਾ ਦੇ ਪ੍ਰਿੰਸੀਪਲ ਸਾਹਿਬਾਨ,

ਵਿਸ਼ਾ:- ਬੀ.ਐਡ.(ਸਮੈਸਟਰ ਤੀਜਾ)/ਬੀ.ਏ. ਬੀ.ਐਡ./ਬੀ.ਐਸ-ਸੀ. ਬੀ.ਐਡ(ਸਮੈਸਟਰ ਸੱਤਵਾਂ) ਦਸੰਬਰ, 2022 ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ।

ਸ਼੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੇ ਗਿਆਤ ਹਿੱਤ ਦੱਸਿਆ ਜਾਂਦਾ ਹੈ ਕਿ ਬੀ.ਐਡ./ਬੀ.ਏ. ਬੀ.ਐਡ./ਬੀ.ਐਸ-ਸੀ. ਬੀ.ਐਡ (ਸਕਿੱਲ ਇਨ ਟੀਚਿੰਗ) ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਫਰਵਰੀ, 2023 ਤੋਂ ਸ਼ੁਰੂ ਹੋਣੀਆਂ ਹਨ। ਇਸ ਸਬੰਧੀ ਹੇਠ ਲਿਖੀਆਂ ਹਦਾਇਤਾ ਦਾ ਧਿਆਨ ਰੱਖਿਆ ਜਾਵੇ, ਜੀ :-

1) ਇਹ ਯਕੀਨੀ ਬਣਾਇਆ ਜਾਵੇ ਕਿ ਸਕਿੱਲ-ਇਨ-ਟੀਚਿੰਗ ਦੇ ਸਾਰੇ ਵਿਦਿਆਰਥੀਆਂ ਦੇ ਗਰੁੱਪ ਇਸ ਅਨੁਸਾਰ ਬਣਾਏ ਜਾਣ ਤਾਂ ਕਿ ਸਾਰੀਆਂ ਸਕਿਲ-ਇਨ-ਟੀਚਿੰਗ ਦੀਆਂ ਪ੍ਰੀਖਿਆਵਾਂ 2-3 ਦਿਨਾਂ ਵਿਚ ਖਤਮ ਕੀਤੀਆਂ ਜਾ ਸਕਣ। ਜਿੱਥੇ ਵਿਦਿਆਰਥੀਆਂ ਦੀ ਗਿਣਤੀ 200 ਹੈ ਉੱਥੇ ਪ੍ਰੈਕਟੀਕਲ ਪ੍ਰੀਖਿਆਵਾਂ 6 ਦਿਨ ਚਲਣਗੀਆਂ।
2) ਯੂਨੀਵਰਸਿਟੀ ਵਲੋਂ ਘੱਟੋ-ਘੱਟ ਤਿੰਨ ਪ੍ਰੀਖਿਅਕ ਨਿਯੁਕਤ ਕੀਤੇ ਜਾਣਗੇ ਅਤੇ ਸਬੰਧਤ ਕਾਲਜ ਦੇ ਪ੍ਰਿੰਸੀਪਲ ਵਲੋਂ ਬਾਹਰੋਂ ਆਈ ਪ੍ਰੀਖਿਅਕਾਂ ਦੀ ਟੀਮ ਵਿਚ ਕਾਲਜ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਇਕ ਜਾਂ ਦੋ ਅੰਦਰੂਨੀ ਪ੍ਰੀਖਿਅਕ ਸ਼ਾਮਿਲ ਕੀਤੇ ਜਾਣਗੇ।

ਵਿਸ਼ਵਾਸਪਾਤਰ

ਸਹਾਇਕ ਰਜਿਸਟਰਾਰ (ਪ੍ਰੀਖਿਆਵਾਂ)
ਵਾਸਤੇ ਕੰਟਰੋਲਰ (ਪ੍ਰੀਖਿਆਵਾਂ)

**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
(ਪ੍ਰੈਕਟੀਕਲ ਸ਼ਾਖਾ)

ਯੂਨੀਵਰਸਿਟੀ ਨਾਲ ਸਬੰਧਤ
ਬੀ.ਐਡ. ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,

ਵਿਸ਼ਾ : ਬੀ.ਐਡ. (ਸਮੈਸਟਰ ਤੀਜਾ)/ਬੀ.ਏ. ਬੀ.ਐਡ./ਬੀ.ਐਸ-ਸੀ. ਬੀ.ਐਡ (ਸਮੈਸਟਰ ਸੱਤਵਾਂ), ਦਸੰਬਰ, 2022 ਸਕਿਲ-ਇਨ-ਟੀਚਿੰਗ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਬੀ.ਐਡ.(ਸਮੈਸਟਰ ਤੀਜਾ)/ਬੀ.ਏ. ਬੀ.ਐਡ./ ਬੀ.ਐਸ-ਸੀ. ਬੀ.ਐਡ (ਸਮੈਸਟਰ ਸੱਤਵਾਂ) ਸਕਿਲ-ਇਨ-ਟੀਚਿੰਗ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਫਰਵਰੀ, 2023 ਤੋਂ ਸ਼ੁਰੂ ਹੋ ਰਹੀਆਂ ਹਨ, ਇਸ ਸਬੰਧੀ ਇਹ ਯਕੀਨੀ ਬਣਾਇਆ ਜਾਵੇ ਕਿ ਇੱਕੋ ਸਮੇਂ ਵਿਚ 4-5 ਕਲਾਸਾਂ ਲਗਣੀਆਂ ਚਾਹੀਦੀਆਂ ਹਨ ਅਤੇ ਇਕ ਦਿਨ ਦੇ ਵਿਚ ਅੱਧੇ-ਅੱਧੇ ਘੰਟੇ ਦੇ ਘੱਟੋ-ਘੱਟ 10 ਪੀਰੀਅਡ ਲੱਗਣੇ ਚਾਹੀਦੇ ਹਨ, ਤਾਂ ਜੋ ਪ੍ਰੀਖਿਆਵਾਂ ਦੋ ਜਾਂ ਤਿੰਨ ਦਿਨਾਂ ਦੇ ਅੰਦਰ-ਅੰਦਰ ਖਤਮ ਕੀਤੀਆਂ ਜਾ ਸਕਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਲਾਸਾਂ ਇੱਕੋ ਹੀ ਥਾਂ ਤੇ ਲੱਗਣ (ਆਪ ਦੇ ਕਾਲਜ ਵਿਚ ਜਾਂ ਕਿਸੇ ਇੱਕੋ ਹੀ ਸਕੂਲ ਵਿਚ) ਤਾਂ ਜੋ ਬਾਹਰੋਂ ਆਏ ਪ੍ਰੀਖਿਅਕਾਂ ਨੂੰ ਪ੍ਰੀਖਿਆਵਾਂ ਕੰਡਕਟ ਕਰਨ ਵਿਚ ਕਿਸੇ ਕਿਸਮ ਦੀ ਔਕੜ ਪੇਸ਼ ਨਾ ਆਵੇ ।

ਧੰਨਵਾਦ ਸਹਿਤ,

ਵਿਸ਼ਵਾਸਪਾਤਰ

ਸਹਾਇਕ ਰਜਿਸਟਰਾਰ (ਪ੍ਰੀਖਿਆਵਾਂ)
ਵਾਸਤੇ ਕੰਟਰੋਲਰ (ਪ੍ਰੀਖਿਆਵਾਂ)